## ਬੱਚਿਆਂ ਲਈ ਬਾਈਬਲ

ਉਪੱਸਥਿਤ



# ਪੌਲੂਸ ਦੀ ਅਦਭੁਤ ਯਾਤਰਾ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children

www.M1914.org

BFC

PO Box 3

Winnipeg, MB R3C 2G1

Canada

©2015 Bible for Children, Inc.

ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪੌਲੂਸ ਅਤੇ ਸਿਲਾਸ, ਯਿਸੂ ਦੇ
ਦਾਸ, ਜ਼ੇਲ ਵਿੱਚ ਸਨ। ਨਹੀ,
ਉਹਨਾਂ ਨੇ ਕੁਝ ਵੀ ਗ਼ਲਤ ਨਹੀ
ਕੀਤਾ ਸੀ - ਉਹਨਾਂ ਨੇ ਇੱਕ
ਔਰਤ ਵਿੱਚੋਂ ਭੂਤ ਕੱਢਿਆ ਸੀ।
ਉਹਨਾਂ ਨੇ ਬੁੱਤਾਂ ਦੀ ਪੂਜਾ ਕਰਨ
ਵਾਲੇ ਲੋਕਾਂ ਨੂੰ ਜਿਹੜੇ ਫ਼ਿਲਪੀਆ
ਦੇ ਵਿੱਚ ਰਹਿੰਦੇ ਸੀ ਪਰਮੇਸ਼ਵਰ ਅਤੇ ਉਸਦੇ
ਪੁੱਤਰ ਯਿਸੂ ਦੀ ਸੱਚੀ ਤਾਕਤ ਨੂੰ ਵਿਖਾਇਆ
ਸੀ। ਉਸਦੇ
ਕਾਰਨ
ਉਹਨਾਂ ਨੂੰ ਬੰਦੀ
ਬਣਾਇਆ ਗਿਆ,
ਦੁੱਖ ਦਿੱਤਾ ਅਤੇ ਜੇਲ
ਵਿੱਚ ਸੁੱਟਿਆ ਗਿਆ।







ਸ਼ਾਇਦ ਤੁਸੀ ਪੌਲੂਸ ਨੂੰ ਅਤੇ ਸਿਲਾਸ ਨੂੰ ਗੁੱਸੇ ਵਿੱਚ ਅਤੇ ਔਖਾ ਮਹਿਸੂਸ ਕਰਦੇ ਹੋਵੋਂਗੇ। ਪਰ ਉਹ ਨਹੀਂ ਸਨ। ਉਸ ਦੀ ਜੁਗਾ, ਉਹ ਅੱਧੀ ਰਾਤ ਨੂੰ ਬੈਠ ਕੇ ਪਰਮੇਸ਼ਵਰ ਦੀ ਉਸਤਤ ਦੇ ਗੀਤ ਗਾਉਣ ਲੱਗੇ! ਸਾਰੇ ਕੈਦੀਆਂ ਨੇ ਅਤੇ ਜੇਲਰਾਂ ਨੇ ਉਹਨਾਂ ਨੂੰ ਸੁਣਿਆ।

ਅਚਾਨਕ, ਗਾਣਾ ਬੰਦ ਹੋ ਗਿਆ। ਪਰਮੇਸ਼ਵਰ ਨੇ ਜੇਲ ਨੂੰ ਹਿਲਾਉਣ ਲਈ ਭੂਚਾਲ ਘੱਲਿਆ। ਸਾਰੇ ਦਰਵਾਜੇ ਖੁੱਲ ਗਏ। ਸਾਰਿਆਂ ਦੀਆਂ ਜ਼ੰਜ਼ੀਰਾਂ ਢਿੱਲੀਆਂ ਹੋ ਗਈਆਂ।





ਉਹ – ਉਹ! ਜੇਲਰ ਨੂੰ
ਪੱਕਾ ਸੀ ਇਸ ਗੜਬੜ
ਵਿੱਚ ਸਾਰੇ ਕੈਦੀ ਭੱਜ ਗਏ
ਹਨ। ਜੇਕਰ ਇੱਕ ਵੀ ਬਚ
ਨਿਕਲਿਆ ਤਾਂ ਜੇਲਰ ਨੂੰ
ਮੌਤ ਦੀ ਸਜਾ ਹੋ ਜਾਵੇਗੀ।
ਦੁੱਖ ਨਾਲ, ਮਜ਼ਬੂਰ ਜੇਲਰ
ਮਿਆਨ ਵਿੱਚੋਂ ਆਪਣੀ ਨੇ
ਆਪਣੀ ਤਲਵਾਰ ਬਾਹਰ
ਖਿੱਚ ਲਈ। ਸ਼ਾਇਦ ਉਹ
ਆਪਣੇ ਆਪ ਨੂੰ ਮਾਰ
ਕੇ ਸਭ ਕੁਝ ਖਤਮ
ਕਰ ਦੇਵੇਗਾ।

ਪਰ ਪੌਲੁਸ ਨੇ ਆਖਿਆ, “ਆਪਣੇ ਆਪ ਨੂੰ ਨੁਕਸਾਨ ਨਾ ਪਹੁੰਚਾ, ਕਿਉਂ ਜੋ ਅਸੀ ਸਾਰੇ ਇੱਥੇ ਹਾਂ।” ਜਦ ਜੇਲਰ ਨੇ ਉਹ ਵੇਖਿਆ, ਉਸਨੇ ਕਿਹਾ, “ਗੁਰੂ ਜੀ, ਮੈਨੂੰ ਬਚਣ ਲਈ ਕੀ ਕਰਨਾ ਚਾਹੀਦਾ ਹੈ?” ਤਾਂ ਉਹਨਾਂ ਕਿਹਾ, “ਸਵਾਮੀ ਯਿਸੂ ਨਾਸਰੀ ਤੇ ਭਰੋਸਾ ਰੱਖ, ਅਤੇ ਤੂੰ ਬਚਾਇਆ ਜਾਵੇਂਗਾ, ਤੂੰ ਅਤੇ ਤੇਰਾ ਘਰਾਣਾ।” ਜੇਲਰ ਨੇ ਖੁਸ਼ੀ ਨਾਲ ਵਿਸ਼ਵਾਸ਼ ਕੀਤਾ।





ਅਗਲੇ ਦਿਨ ਛੁੱਟਣ ਤੇ, ਪੌਲੁਸ ਅਤੇ ਸਿਲਾਸ ਨੇ ਲੋਕਾਂ ਨੂੰ ਪਰਮੇਸ਼ਵਰ ਦੇ ਬਾਰੇ ਦੱਸਦਿਆ ਬਹੁਤ ਸਾਰੇ ਸ਼ਹਿਰਾਂ ਦੀ ਯਾਤਰਾ ਕੀਤੀ। ਪਰ ਪਰਮੇਸ਼ਵਰ ਆਪਣੇ ਸੇਵਕਾਂ ਦੇ ਨਾਲ ਸੀ। ਇੱਕ ਰਾਤ ਪੌਲੁਸ ਨੇ ਘੰਟਿਆਂ ਤੱਕ ਪਰਚਾਰ ਕੀਤਾ। ਇੱਕ ਜਵਾਨ ਮਨੁੱਖ ਖਿੜਕੀ ਵਿੱਚ ਬੈਠਾ ਸੌਂ ਗਿਆ। ਤੁਸੀ ਅੰਦਾਜ਼ਾ ਲਗਾ ਸਕਦੇ ਹੋ ਕੀ ਹੋਇਆ ਹੋਵੇਗਾ।



ਸਾਰੇ ਜਾਣ ਗਏ ਕੀ ਜਵਾਨ ਮਨੁੱਖ ਮਰ ਗਿਆ ਸੀ। ਪਰ ਪੌਲੂਸ ਥੱਲੇ ਗਿਆ ਅਤੇ ਉਹਨਾਂ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ, "ਉਸ ਦੀ ਜਾਨ ਉਸ ਵਿੱਚ ਹੈ।" ਉਹ ਜਵਾਨ ਮਨੁੱਖ ਨੂੰ ਜਿੰਦਾ ਅੰਦਰ ਲੈ ਆਏ, ਅਤੇ ਉਹ ਬਹੁਤ ਖੁਸ਼ ਸਨ।

ਪੌਲੂਸ ਅਤੇ ਸਿਲਾਸ ਨੇ ਆਪਣੀ ਯੂਰਪ ਦੀ ਯਾਤਰਾ ਵਿੱਚ ਬਹੁਤ ਸਾਹਸਿਕ ਕੰਮ ਕੀਤੇ। ਪੌਲੂਸ ਦਾ ਸਭ ਤੋਂ ਸਾਹਸਿਕ ਮਹਾਨ ਕੰਮ ਉਸ ਵੇਲੇ ਹੋਇਆ ਜਦ ਉਹ ਜਹਾਜ ਵਿੱਚ ਸੀ। ਇਹ ਫੌਲਾਦੀ ਸਮੁੰਦਰੀ ਜਹਾਜ ਨਹੀ ਸਨ, ਪਰ ਸਮੁੰਦਰੀ ਬ੍ਹੇੜੀ ਸੀ, ਜੋ ਤੂਫ਼ਾਨੀ ਮੌਸਮ ਵਿੱਚ ਆਰਾਮ ਨਾਲ ਉਥਲ ਪੁਥਲ ਹੋ ਸਕਦੀ ਸੀ।





ਪੌਲੂਸ ਜਹਾਜ ਵਿੱਚ ਸੀ ਕਿਉਂਕਿ ਉਹ ਫਿਰ ਫੜਿਆ ਗਿਆ ਸੀ। ਹੁਣ ਉਸ ਨੇ ਰੋਮ ਦੇ ਸਮਰਾਟ ਦੇ ਸਾਹਮਣੇ ਪੇਸ਼ ਹੋਣਾ ਸੀ, ਸੰਸਾਰ ਦੀ ਰਾਜਧਾਨੀ ਸੀ। ਤੇਜ਼ ਹਵਾ ਨੇ ਜਹਾਜ ਨੂੰ ਹੌਲੀ ਕਰ ਦਿੱਤਾ। ਇਹ ਇਸ ਤੂਰਾਂ ਲੱਗ ਰਿਹਾ ਸੀ ਕੀ ਸਾਹਮਣੇ ਤੂਫ਼ਾਨੀ ਮੌਸਮ ਹੈ। ਇਹ ਪੌਲੂਸ ਲਈ ਅਤੇ ਬਾਕੀ ਬੰਦੀਆਂ ਦੇ ਲਈ ਇੱਕ ਬੇਕਾਰ ਯਾਤਰਾ ਸੀ, ਨਾਲ ਹੀ ਨਾਲ ਜਹਾਜ ਲਈ ਵੀ।

"ਹੇ ਮਨੁੱਖੋ, ਮੈ ਮਹਿਸੂਸ ਕੀਤਾ ਕੀ ਇਹ ਜਲ ਯਾਤਰਾ ਇੱਕ ਭਾਰੀ ਮੁਸੀਬਤ ਨਾਲ ਖ਼ਤਮ ਹੋਵੇਗੀ।" ਪੌਲੂਸ ਨੇ ਚੇਤਾਵਨੀ ਦਿੱਤੀ। ਪਰ ਕਪਤਾਨ ਨੇ ਨਾਂ ਸੁਣਿਆ। ਉਹ ਸਮੁੰਦਰ ਵੱਲ ਚੱਲ ਗਏ। ਜਦ ਇੱਕ ਵੱਡੇ ਤੂਫ਼ਾਨ ਨੇ ਉਹਨਾਂ ਨੂੰ ਮਾਰਿਆ, ਉਹਨਾਂ ਨੇ ਜਹਾਜ ਦੇ ਚਾਰੇ ਪਾਸੇ ਰੱਸੀਆਂ ਇਸ ਆਸ਼ਾ ਨਾਲ ਬੰਨ ਦਿੱਤੀਆ ਕੀ ਉਹ ਉਸਨੂੰ ਟੁੱਟਣ ਤੋਂ ਬਚਾ ਲਵੇਗਾ।



ਜੇਕਰ ਜਹਾਜ ਟੁੱਟ ਗਿਆ ਤਾਂ ਇਹ ਉਹਨਾਂ ਸਾਰਿਆਂ ਲਈ ਪਾਣੀ ਵਾਲੀ ਕਬਰ ਹੋਵੇਗੀ।

ਜਹਾਜ ਵਿੱਚ ਬਹੁਤ ਉੱਥਲ ਪੁੱਥਲ ਹੋਈ ਤਾਂ ਕਪਤਾਨ ਨੇ ਹੁਕਮ ਦਿੱਤਾ ਕੀ ਜਹਾਜ ਹਲਕਾ ਕਰਨ ਵਿੱਚ ਸਾਰੇ ਸਹਾਇਤਾ ਕਰਨ। ਤੀਸਰੇ ਦਿਨ, ਉਹਨਾਂ ਨੇ ਜਹਾਜ ਦੇ ਵਿੱਚ ਸਮਾਨ ਖਿੱਚਣ ਵਾਲੇ ਨੂੰ ਪਾਣੀ ਵਿੱਚ ਸੁੱਟ ਦਿੱਤਾ। ਸ਼ਾਇਦ ਇਹ ਕੁਝ ਮਦਦ ਕਰ ਦੇਵੇਗਾ।



ਰਾਤ ਦੇ ਵੇਲੇ, ਇੱਕ ਦੂਤ ਪੌਲੁਸ ਦੇ ਕੋਲ ਖੜ ਕੇ ਬੋਲ ਰਿਹਾ ਸੀ ਇਹ ਸਭ ਰਾਤ ਵਿੱਚ ਠੀਕ ਹੋ ਜਾਵੇਗਾ। ਬਾਕੀਆਂ ਨੂੰ ਹੌਂਸਲਾ ਹੋਇਆ ਜਦ ਪੌਲੁਸ ਨੇ ਇਹ ਕਿਹਾ, “ਹੇ ਮਨੁੱਖੋ, ਦਿਲ ਬੰਨੋਂ, ਮੈ ਪਰਮੇਸ਼ਵਰ ਤੇ ਭਰੋਸਾ ਕਰਦਾ ਹਾਂ ਕੀ ਜਿਸ ਤ੍ਰਰਾਂ ਉਸ ਨੇ ਮੈਨੂੰ ਕਿਹਾ ਹੈ ਉਵੇਂ ਹੀ ਹੋਵੇਗਾ। ਕਿਵੇਂ ਵੀ ਕਰਕੇ, ਸਾਨੂੰ ਇਸ ਦੀਪ ਦੀ ਧਰਤੀ ਤੱਕ ਪਹੁੰਚਣਾ ਹੋਵੇਗਾ।”



ਕੁਝ ਦਿਨਾਂ ਬਾਅਦ, ਜਹਾਜ ਰੁੜਦਾ ਹੋਇਆ ਮਲਤਾ ਨਾ ਦੇ ਦੀਪ ਕੋਲ ਪਹੁੰਚਿਆ। ਉਹ ਚਟਾਨਾਂ ਵਿੱਚੋਂ ਤੇਜੀ ਨਾਲ ਲੰਘਿਆ ਅਤੇ ਟੁਕੜੇ ਟੁਕੜੇ ਹੋ ਗਿਆ। ਕਪਤਾਨ ਨੇ ਹੁਕਮ ਦਿੱਤਾ ਕੀ ਜਿਹੜੇ ਤੈਰ ਸਕਦੇ ਹਨ ਉਹ ਪਹਿਲਾਂ ਛਾਲ ਮਾਰ ਦੇਣ ਅਤੇ ਧਰਤੀ ਤੇ ਪਹਿਲਾਂ ਪਹੁੰਚ ਜਾਣ। ਬਾਕੀ ਵੀ ਧਿਆਨ ਨਾਲ ਕੁਝ ਬੋਰਡ ਉੱਤੇ, ਕੁਝ ਜਹਾਜ ਦੇ ਟੁੱਟੇ ਹੋਏ ਪੀਸਾਂ ਦੇ ਦੁਆਰਾ ਬਚ ਗਏ।



ਮਲਤਾ ਉੱਤੇ ਪਰਮੇਸ਼ਵਰ ਨੇ ਆਪਣੀ ਤਾਕਤ ਵਿਖਾਈ। ਜਦ ਉਹਨਾਂ ਨੇ ਅੱਗ ਬਾਲਣ ਲਈ ਲੱਕੜਾਂ ਇਕੱਠੀਆਂ ਕੀਤੀਆਂ, ਇੱਕ ਸੱਪ ਨੇ ਪੌਲੂਸ ਨੂੰ ਡੰਸਿਆ। ਲੋਕਾਂ ਨੇ ਸੋਚਿਆ ਉਹ ਮਰ ਜਾਵੇਗਾ। ਪਰ ਸੱਪ ਦੇ ਡੱਸੇ ਨੇ ਕੋਈ ਅਸਰ ਨਾ ਕੀਤਾ। ਤਦ ਲੋਕਾਂ ਨੇ ਸੋਚਿਆ ਕੇ ਪੌਲੂਸ ਇੱਕ ਦੇਵਤਾ ਹੈ। ਬਹੁਤ ਬਿਮਾਰ ਲੋਕ ਆਏ, ਅਤੇ ਪਰਮੇਸ਼ਵਰ ਨੇ ਉਹਨਾਂ ਨੂੰ ਚੰਗਿਆਈ ਦਿੱਤੀ ਬਾਅਦ ਵਿੱਚ ਪੌਲੂਸ ਨੇ ਉਹਨਾਂ ਲਈ ਪ੍ਰਾਥਨਾਂ ਕੀਤੀ।



ਆਖਰਕਾਰ ਪੌਲੂਸ ਰੋਮ ਪਹੁੰਚ ਗਿਆ। ਉਸਦੀ ਕੋਰਟ ਕੇਸ ਦੀ ਸੁਣਵਾਈ ਲਈ ਦੋ ਸਾਲ ਲੱਗ ਗਏ। ਉਸ ਸਮੇ ਦੌਰਾਨ, ਪੌਲੂਸ ਨੇ ਘਰ ਕਿਰਾਏ ਤੇ ਲਿਆ ਅਤੇ ਆਪਣੇ ਮਿਲਣ ਵਾਲਿਆਂ ਨੂੰ ਮਿਲਿਆ। ਤੁਸੀਂ ਜਾਣਦੇ ਹੋ ਕੀ ਪੌਲੂਸ ਨੇ ਆਪਣੇ ਮਿਲਣ ਵਾਲਿਆਂ ਨੂੰ ਕਿਸਦੇ ਬਾਰੇ ਦੱਸਿਆ? ਪਰਮੇਸ਼ਵਰ ਦੇ ਰਾਜ ਦੇ ਬਾਰੇ! ਪ੍ਰਭੂ ਯਿਸੂ ਮਸੀਹ ਦੇ ਬਾਰੇ! ਪੌਲੂਸ ਰੋਮ ਵਿੱਚ ਪਰਮੇਸ਼ਵਰ ਦਾ ਸੇਵਕ ਸੀ, ਜਿਵੇਂ ਬਾਕੀ ਯਾਤਰਾਵਾਂ ਵਿੱਚ ਸੀ।



“ਮੈਂ ਅੱਛੀ ਲੁੜਾਈ ਲੜੀ ਹੈ, ਮੈਂ ਦੌੜ ਖਤਮ ਕਰ ਲਈ ਹੈ, ਮੈ ਵਿਸ਼ਵਾਸ਼ ਰੱਖਿਆ ਹੈ,” ਪੌਲੂਸ ਨੇ ਰੋਮ ਤੋਂ ਲਿਖਿਆ। ਪਵਿੱਤਰ ਬਾਈਬਲ ਸਾਨੂੰ ਨਹੀ ਦੱਸਦੀ ਕੀ ਉਸਦੀ ਜਿੰਦਗੀ ਦਾ ਅੰਤ ਕਿਸ ਤ੍ਹਰਾਂ ਹੋਇਆ, ਪਰ ਬਾਕੀ ਰਿਕਾਰਡ ਦੱਸਦੇ ਹਨ ਕੀ ਰੋਮ ਦੇ ਬਾਦਸ਼ਾਹ ਨੀਰੋ ਦੇ ਹੁਕਮ ਤੇ ਉਸ ਦਾ ਸਿਰ ਲਾਹ ਦਿੱਤਾ ਗਿਆ ਸੀ। ਪੌਲੂਸ ਉਸ ਤ੍ਹਰਾਂ ਮਰਿਆ ਜਿਸ ਤ੍ਹਰਾਂ ਉਹ ਜਿਉਂਦਾ ਸੀ – ਪਰਮੇਸ਼ਵਰ ਦਾ ਇੱਕ ਵਿਸ਼ਵਾਸ਼ ਯੋਗ ਸੇਵਕ, ਬਾਕੀਆਂ ਨੂੰ ਪ੍ਰਭੂ ਯਿਸੂ ਦੇ ਬਾਰੇ ਦੱਸਦਾ ਰਿਹਾ।



# ਪੌਲੂਸ ਦੀ ਅਦਭੁਤ ਯਾਤਰਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤੱਬ 16, 27, 28

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16